— 1 —

ਨੰਬਰ: 19722-45
ਮਿਤੀ: 21-11-2010

ਵਲੋਂ: ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ: ਸਮੂਹ ਵਣ ਪਾਲ/
ਸਮੂਹ ਵਣ ਮੰਡਲ ਅਫਸਰ
(ਇਲਾਕਾਈ)

ਵਿਸ਼ਾ : ਮਸਟਰੋਲਾਂ ਦੀ ਪੇਮੈਂਟ ਬਾਰੇ।

ਇਸ ਦਫਤਰ ਵਲੋਂ ਸਮੇਂ-ਸਮੇਂ ਤੇ ਇਹ ਹਦਾਇਤ ਜਾਰੀ ਕੀਤੀ ਜਾਂਦੀ ਰਹੀ ਹੈ ਕਿ ਮਸਟਰੋਲਾਂ ਦੀ ਪੇਮੈਂਟ ਰੈਂਡਮ ਤੌਰ ਉਪਰਲੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕਰਵਾਈ ਜਾਵੇ । ਇਸ ਸਬੰਧ ਵਿੱਚ ਇਹ ਹਦਾਇਤ ਕੀਤੀ ਗਈ ਸੀ ਕਿ ਹਰ ਵਣ ਪਾਲ ਹਰ ਮੰਡਲ ਵਿੱਚ ਇੱਕ ਬਲਾਕ ਦੀ ਪੇਮੈਂਟ ਕਿਸੇ ਉਪਰਲੇ ਅਧਿਕਾਰੀ ਦੀ ਨਿਗਰਾਨੀ ਵਿੱਚ ਕਰਾਉਣਗੇ। ਇਸ ਤੋਂ ਇਲਾਵਾ ਵਣ ਮੰਡਲ ਅਫਸਰ ਵੀ ਬੀਟਾਂ ਦੀ ਪੇਮੈਂਟ ਉਪਰਲੇ ਅਧਿਕਾਰੀ ਦੀ ਨਿਗਰਾਨੀ ਹੇਠ ਕਰਾਉਣਗੇ। ਇਸ ਦੀ ਰਿਪੋਟ ਵੀ ਇਸ ਦਫਤਰ ਨੂੰ ਭੇਜਣ ਲਈ ਕਿਹਾ ਗਿਆ ਸੀ। ਪਰ ਇਹ ਰਿਪੋਟ ਇਸ ਦਫਤਰ ਨੂੰ ਰੈਗੂਲਰ ਤੌਰ ਤੇ ਨਹੀਂ ਭੇਜੀ ਗਈ। ਇਸ ਲਈ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਵਣ ਪਾਲ ਵਲੋਂ ਹਰ ਮੰਡਲ ਵਿੱਚ ਇੱਕ ਬਲਾਕ ਦੀ ਪੇਮੈਂਟ ਅਤੇ ਵਣ ਮੰਡਲ ਅਫਸਰ ਵਲੋਂ ਇੱਕ ਬੀਟ ਦੀ ਪੇਮੈਂਟ ਉਪਰਲੇ ਅਧਿਕਾਰੀ ਦੀ ਨਿਗਰਾਨੀ ਵਿੱਚ ਕਰਵਾਈ ਜਾਵੇ ਅਤੇ ਇਸ ਦੇ ਸਿੱਟੇ ਤੋਂ ਇਸ ਦਫਤਰ ਨੂੰ ਜਾਣੂ ਕਰਵਾਇਆ ਜਾਵੇ। ਇਸ ਦਫਤਰ ਵਲੋਂ ਵੀ ਇੱਕ ਰੇਂਜ ਦੀ ਹਰ ਮਹੀਨੇ ਪੇਮੈਂਟ ਦੀ ਨਿਗਰਾਨੀ ਲਈ ਕਿਸੇ ਅਧਿਕਾਰੀ ਦੀ ਡਿਊਟੀ ਲਗਾਈ ਜਾਵੇਗੀ। ਇਸ ਮੰਤਵ ਲਈ ਵਣ ਮੰਡਲ ਅਫਸਰ ਪੇਮੈਂਟ ਦੀ ਤਾਰੀਖ ਬਾਰੇ ਘੱਟੋ-ਘੱਟ ਇੱਕ ਹਫਤਾ ਪਹਿਲਾਂ ਆਪਣੇ ਵਣ ਪਾਲ ਰਾਹੀਂ ਇਸ ਦਫਤਰ ਨੂੰ ਸੂਚਨਾ ਭੇਜਣਗੇ। ਇਨ੍ਹਾਂ ਹੁਕਮਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ।

ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ। 21/11

ਨੰਬਰ: 1045-30
ਮਿਤੀ: 13-8-2001

ਵਲੋਂ : ਪ੍ਰਧਾਨ ਮੁੱਖ ਵਣ ਪਾਲ,
ਪੰਜਾਬ, ਚੰਡੀਗੜ੍ਹ ।

ਸੇਵਾ ਵਿਖੇ: ਸਮੂੰਹ ਵਣ ਮੰਡਲ ਅਫਸਰ,
(ਇਲਾਕਾਈ)।

ਵਿਸ਼ਾ : ਵਣ ਕੰਮਾਂ ਬਾਰੇ।

ਇਸ ਦਫਤਰ ਵਲੋਂ ਲਿਖਤੀ ਅਤੇ ਜਬਾਨੀ ਹਦਾਇਤ ਕਈ ਵਾਰ ਕੀਤੀ ਜਾ ਚੁੱਕੀ ਹੈ ਕਿ ਵੱਖ-ਵੱਖ ਵਣ ਕੰਮ ਕੇਵਲ ਮਸਟਰੋਲਾਂ ਰਾਹੀਂ ਕਰਵਾਏ ਜਾਣ। ਪਰ ਮੇਰੇ ਨੋਟਿਸ ਵਿੱਚ ਲਿਆਂਦਾ ਗਿਆ ਹੈ ਕਿ ਕੁੱਝ ਕਰਮਚਾਰੀਆਂ ਵਲੋਂ ਅਜੇ ਵੀ ਮਸਟਰੋਲਾਂ ਤੇ ਕੰਮ ਕਰਵਾਉਣ ਦੀ ਬਜਾਏ ਠੇਕੇ ਤੇ ਕੰਮ ਕਰਵਾਏ ਜਾ ਰਹੇ ਹਨ, ਜੋ ਇਸ ਦਫਤਰ ਵਲੋਂ ਦਿੱਤੀਆਂ ਹਦਾਇਤਾਂ ਦੀ ਉਲੰਘਣਾ ਹੈ। ਇਸ ਲਈ ਇਹ ਫਿਰ ਸਪਸ਼ਟ ਕੀਤਾ ਜਾਂਦਾ ਹੈ ਕਿ ਵਣ ਕੰਮ ਕੇਵਲ ਮਸਟਰੋਲਾਂ ਤੇ ਕਰਵਾਏ ਜਾਣ ਅਤੇ ਮਸਟਰੋਲ ਵਣ ਮੈਨੂਅਲ ਵਾਲੂਅਮ-2 ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ ਰੱਖੇ ਜਾਣ। ਮਸਟਰੋਲ ਜਿਥੋਂ ਤੱਕ ਸੰਭਵ ਹੋਵੇ ਕੰਮ ਤੇ ਰੱਖੇ ਜਾਣ ਅਤੇ ਰੇਂਜ ਸਹਾਇਕ/ਰੇਂਜ ਅਫਸਰ ਵਲੋਂ ਇਸ ਵਿਸ਼ੇ ਤੇ ਦਿੱਤੀਆਂ ਹਦਾਇਤਾਂ ਅਨੁਸਾਰ ਚੈੱਕ ਕਰਕੇ ਮੌਕੇ ਤੇ ਚੈਕਿੰਗ ਵੀ ਪਾਈ ਜਾਵੇ। ਵਣ ਮੰਡਲ ਅਫਸਰ ਅਤੇ ਹੋਰ ਦੂਜੇ ਉਪਰਲੇ ਅਧਿਕਾਰੀ ਜਦੋਂ ਵੀ ਕਿਸੇ ਥਾਂ ਦਾ ਦੌਰਾ ਕਰਨ ਇਨ੍ਹਾਂ ਹਦਾਇਤਾਂ ਦੀ ਪਾਲਣਾ ਵੱਲ ਵਿਸ਼ੇਸ਼ ਧਿਆਨ ਦੇਣ। ਇਥੇ ਇਹ ਲਿਖਣਾ ਯੋਗ ਹੋਵੇਗਾ ਕਿ ਇਸ ਵਿਸ਼ੇ ਤੇ ਪਹਿਲਾਂ ਦਿੱਤੀਆਂ ਹਦਾਇਤਾਂ ਅਨੁਸਾਰ ਜੋ ਮਸਟਰੋਲ ਮੰਡਲਾਂ ਵਿੱਚ ਕੰਮਾਂ ਲਈ ਜਾਰੀ ਕੀਤੇ ਜਾਂਦੇ ਹਨ ਉਨ੍ਹਾਂ ਦੀ ਸੂਚੀ ਮਹੀਨੇ ਦੀ 2 ਤਾਰੀਖ ਤੱਕ ਫੈਕਸ ਰਾਹੀਂ ਇਸ ਦਫਤਰ ਵਿੱਚ ਪੁੱਜਦੀ ਕੀਤੀ ਜਾਵੇ ਅਤੇ ਜੇ ਕੋਈ ਮਸਟਰੋਲ ਉਸ ਦੇ ਬਾਅਦ ਵਿੱਚ ਜਾਰੀ ਕਰਨਾ ਹੋਵੇ ਤਾਂ ਉਸ ਦੀ ਸੂਚਨਾ ਵੀ 2 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਨੂੰ ਪੁੱਜਦੀ ਕੀਤੀ ਜਾਵੇ।

ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

13/8

ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ ।

ਪਿੱਠ ਅੰਕਣ ਨੰ: 1031-40 ਮਿਤੀ: 13-8-2001

ਇਸ ਦੀ ਨਕਲ ਹੇਠ ਲਿਖਿਆਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1) ਮੁੱਖ ਵਣ ਪਾਲ, ਪਲੇਨਜ਼ ਅਤੇ ਹਿੱਲਜ਼।
2) ਸਮੂੰਹ ਵਣ ਪਾਲ।

13/8

ਪ੍ਰਧਾਨ ਮੁੱਖ ਵਣ ਪਾਲ, ਪੰਜਾਬ,
ਚੰਡੀਗੜ੍ਹ ।